ਛੇਵੀਂ

# ਲਗਾਖਰ

ਲਗਾਖਰ – ਸ਼ਬਦਾਂ ਨੂੰ ਸਹੀ ਰੂਪ ਵਿੱਚ ਲਿਖਣ ਲਈ ਜਿਹੜੇ ਚਿੰਨ੍ਹ ਲਗਾਂ ਤੋਂ ਬਾਅਦ ਵਰਤੇ ਜਾਂਦੇ ਹਨ, ਉਹਨਾਂ ਨੂੰ ਲਗਾਖਰ ਕਿਹਾ ਜਾਂਦਾ ਹੈ।

ਲਗਾਖਰ ਅੱਖਰ ਅਤੇ ਲਗ ਦੇ ਮੇਲ਼ ਤੋਂ ਬਣਦਾ ਹੈ।

ਗੁਰਮੁਖੀ ਲਿਪੀ ਵਿੱਚ ਤਿੰਨ ਲਗਾਖਰ ਹਨ–

1. ਬਿੰਦੀ ੰ ਂ
2. ਟਿੱਪੀ ੰ
3. ਅੱਧਕ ੱ

1. ਬਿੰਦੀ ( ਂ ) :– ਇਸ ਦੀ ਵਰਤੋਂ ਨੱਕ ਵਿੱਚ ਬੋਲੀਆਂ ਜਾਣ ਵਾਲ਼ੀਆਂ ਕੁੱਝ ਅਵਾਜ਼ਾਂ ਨੂੰ ਪ੍ਰਗਟਾਉਣ ਲਈ ਹੁੰਦੀ ਹੈ। ਬਿੰਦੀ ਦੀ ਵਰਤੋਂ ਕੇਵਲ ਛੇ ਲਗਾਂ ਨਾਲ਼ ਹੁੰਦੀ ਹੈ; ਜਿਵੇਂ :

ਕੰਨਾ ( ਕਾਂ, ਮਾਂ, ਗਾਂ, ਬਾਂਦਰ)
ਬਿਹਾਰੀ ( ਮੀਂਹ, ਦਹੀਂ, ਨੀਂਦ)
ਲਾਂ ( ਗੇਂਦ, ਕਿਵੇਂ, ਕੇਂਦਰ)
ਦੁਲਾਵਾਂ ( ਟੈਂਕਰ, ਕੈਂਚੀ, ਬੈਂਡ)
ਹੋੜਾ ( ਗੋਂਦ, ਰੋਂਦਾ, ਕਦੋਂ)
ਕਨੌੜਾ ( ਜੌਂ, ਨੌਂ, ਚੌਂਕ )

2. ਟਿੱਪੀ ( ੰ ) :– ਟਿੱਪੀ ਦੀ ਵਰਤੋਂ ਵੀ ਨੱਕ ਵਿੱਚ ਬੋਲੀਆਂ ਜਾਣ ਵਾਲ਼ੀਆਂ ਅਵਾਜ਼ਾਂ ਨੂੰ ਪ੍ਰਗਟਾਉਣ ਲਈ ਹੁੰਦੀ ਹੈ; ਜਿਵੇਂ :

ਮੁਕਤਾ ( ਅੰਬ ਦੰਦ, ਚੰਦ)
ਸਿਹਾਰੀ ( ਪਿੰਡ, ਸਿੰਘ, ਚਿੰਨ੍ਹ)
ਔਂਕੜ ( ਮੁੰਡਾ, ਚੁੰਝ, ਸੁੰਦਰ)
ਦੁਲੈਂਕੜ ( ਰੂੰ, ਜੂੰ, ਮੂੰਗੀ)

{ ਇਸ ਦੀ ਵਰਤੋਂ ਕੇਵਲ ਚਾਰ ਲਗਾਂ ਨਾਲ਼ ਹੁੰਦੀ ਹੈ। }

3. ਅੱਧਕ ( ੱ ) :– ਜਦੋਂ ਕਿਸੇ ਸ਼ਬਦ ਵਿੱਚ ਕਿਸੇ ਅੱਖਰ ਦੀ ਅਵਾਜ਼ ਦੂਹਰੀ ਹੋ ਕੇ ਨਿਕਲਦੀ ਹੈ ਤਾਂ ਪਹਿਲੇ ਅੱਖਰ ਉੱਪਰ ਅੱਧਕ ਲਗਾਖਰ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਕੇਵਲ ਤਿੰਨ ਲਗਾਂ ਨਾਲ਼ ਲੱਗਦਾ ਹੈ; ਜਿਵੇਂ :

ਮੁਕਤਾ ( ਕੱਦ, ਬੱਚਾ, ਸੱਚਾ)
ਸਿਹਾਰੀ ( ਦਿੱਲੀ, ਪਿੱਠ, ਰਿੱਛ)
ਔਂਕੜ ( ਕੁੱਤਾ, ਜੁੱਤੀ, ਬੁੱਕਲ)

ਕੁੱਝ ਅੰਗਰੇਜ਼ੀ ਸ਼ਬਦਾਂ ਨੂੰ ਗੁਰਮੁਖੀ ਵਿੱਚ ਲਿਖਣ ਲਈ 'ਦੁਲਾਵਾਂ' ਲਗ ਨਾਲ਼ ਅੱਧਕ ਲਾਇਆ ਜਾਂਦਾ ਹੈ; ਜਿਵੇਂ : ਪੈੱਨ, ਸੈੱਟ, ਚੈੱਕ, ਐੱਸ ਆਦਿ।



Scanned by CamScanner